a2zpapers.com

Sr. No. 643

Exam. Code: 108601
Subject Code : 2808

**B.Sc. Fashion Designing - Ist Sem.**

**(2116)**

**Paper-VII (ii): Basic Punjabi**

**Time allowed: 3 hrs.** **Max. Marks: 50**

1. ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ **ਇਕ** ਦਾ ਉੱਤਰ ਦਿਓ:
   ੳ. ਗੁਰਮੁਖੀ ਲਿੱਪੀ ਨੂੰ 'ਗੁਰਮੁਖੀ' ਕਿਉਂ ਕਿਹਾ ਜਾਂਦਾ ਹੈ?
   ਅ. ਪੈਂਤੀ ਅੱਖਰੀ ਦੀ ਤਰਤੀਬ ਬਾਕੀ ਭਾਰਤੀ ਲਿੱਪੀਆਂ ਨਾਲੋਂ ਵੱਖਰੀ ਕਿਉਂ ਹੈ? 10

2. ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ **ਇਕ** ਦਾ ਉੱਤਰ ਦਿਓ:
   ੳ. ਕਵਰਗ ਦੀ ਉਚਾਰਨ ਰੀਤ ਦਾ ਵਰਣਨ ਕਰੋ?
   ਅ. ਪੰਜਾਬੀ ਲਗਾਂ ਮਾਤਰਾ ਦੀ ਵਰਤੋਂ ਬਾਰੇ ਚਾਨਣਾ ਪਾਓ? 10

3. 'ਬਿੰਦੀ' ਅਤੇ 'ਟਿੱਪੀ' ਅਖੰਡੀ ਧੁਨੀਆਂ ਹਨ। ਇਨ੍ਹਾਂ ਦੀ ਵਰਤੋਂ ਬਾਰੇ ਉਦਾਹਰਨਾਂ ਦੇ ਕੇ ਸਪਸ਼ਟ ਕਰੋ। 10

4. ਹੇਠ ਲਿਖ ਪੈਰੇ ਨੂੰ ਢੁਕਵੇਂ ਬਿਸਰਾਮ ਚਿੰਨ੍ਹ ਲਾਓ:

   ਮਿਲੇਨਾ ਜਰਮਨ ਫ਼ੌਜਾਂ ਤਾਂ ਪਰਾਗ ਵਿਚੋਂ ਕੱਢ ਨਹੀਂ ਸਕਦੀ ਸੀ ਉਸਨੇ ਆਪਣੇ ਚੈੱਕ ਬੁੱਧੀਜੀਵਆਂ ਨੂੰ ਸੁਰੱਖਿਅਤ ਬਾਹਰ ਕੱਢਣ ਦੀ ਵਿਉਂਤ ਬਣਾਈ ਜਿਨ੍ਹਾਂ ਦੇ ਸਿਰਾਂ ਉਪਰ ਜਰਮਨਾਂ ਨੇ ਇਨਾਮ ਰੱਖੇ ਹੋਏ ਸਨ ਮਿਲੇਨਾ ਨੇ 22 ਮਾਰਚ 1939 ਦੇ ਕਾਲਮ ਵਿਚ ਲਿਖਿਆ ਜਰਮਨਾਂ ਦੇ ਕਬਜ਼ੇ ਦਾ ਦੂਜਾ ਦਿਨ ਸੀ ਸਭ ਬੇਚੈਨ ਸਨ ਸਿਪਾਹੀ ਗਲੀਆਂ ਵਿਚ ਘੁੰਮ ਰਹੇ ਸਨ ਇਕ ਚੈੱਕ ਕੁੜੀ ਘਰੋਂ ਬਾਹਰ ਕੋਈ ਚੀਜ਼ ਖਰੀਦਣ ਲਈ ਨਿਕਲੀ ਤਾਂ ਫ਼ੌਜ ਦੇਖਕੇ ਘਬਰਾ ਗਈ ਤੇ ਰੋਣ ਲੱਗੀ ਇਕ ਫ਼ੌਜੀ ਉਸ ਕੋਲ ਆਇਆ ਤੇ ਪਿਆਰ ਨਾਲ ਬੋਲਿਆ ਰੋ ਨਾ ਕੁੜੀਏ ਜੋ ਹੋਇਆ ਉਸ ਵਾਸਤੇ ਅਸੀਂ ਦੋਸ਼ੀ ਨਹੀਂ ਉਸਨੇ ਕੁੜੀ ਨੂੰ ਉਵੇਂ ਦਿਲਾਸਾ ਦਿੱਤਾ ਜਿਵੇਂ ਕੋਈ ਆਪਣੀ ਧੀ ਨੂੰ ਹੌਸਲਾ ਰੱਖਣ ਲਈ ਕਹੇ ਇਹੋ ਜਿਹੇ



www.a2zpapers.com
a2zpapers.com

a2zpapers.com



ਬੰਦਿਆਂ ਨੂੰ ਮੈਂ ਕਿਵੇਂ ਦੋਸ਼ੀ ਠਹਿਰਾ ਸਕਦੀ ਹਾਂ ਹਜ਼ਾਰਾਂ ਦੀ ਗਿਣਤੀ ਵਿਚ ਚੈੱਕ ਨਾਗਰਿਕ ਅਗਿਆਤ ਸੈਨਿਕ ਦੇ ਬੁੱਤ ਵਲ ਤੁਰ ਪਏ ਹੱਥਾਂ ਵਿਚ ਗੁਲਦਸਤੇ ਸਾਰਿਆਂ ਦੀਆਂ ਅੱਖਾਂ ਵਿਚ ਹੰਝੂ ਨਾ ਉਚੀ ਉਚੀ ਰੋਣ ਧੋਣ ਨਾ ਉਚੀ ਆਵਾਜ਼ ਵਿਚ ਸਿਸਕੀਆਂ ਨਾ ਡਰ ਦਾ ਕੋਈ ਨਿਸ਼ਾਨ ਸਿਰਫ ਦੁਖ ਮੂਕ ਵੇਦਨਾ ਜਦੋਂ ਸਾਡਾ ਇਹ ਕਾਫਲਾ ਤੁਰਿਆ ਜਾ ਰਿਹਾ ਸੀ ਪਹਿਰੇ ਉਪਰ ਤੈਨਾਤ ਇਕ ਜਰਮਨ ਸਿਪਾਹੀ ਦਾ ਹੱਥ ਖ਼ੁਦ ਬਖ਼ੁਦ ਆਪਣੀ ਟੋਪੀ ਵਲ ਵਧਿਆ ਸਤਿਕਾਰ ਨਾਲ ਸਿਰ ਨੀਵਾਂ ਕੀਤਾ ਉਸਨੂੰ ਅਹਿਸਾਸ ਸੀ ਕਿ ਉਸਦੀ ਮੌਜੂਦਗੀ ਕਾਰਨ ਚੈੱਕਾਂ ਦੀਆਂ ਅੱਖਾਂ ਡੁਬਡੁਬਾਈਆਂ ਹੋਈਆਂ ਹਨ 10

5. ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ **ਇਕ** ਦਾ ਉਤਰ ਦਿਓ:

ੳ. ਵਚਨ ਦੀ ਪਰਿਭਾਸ਼ਾ ਦੇ ਕੇ ਵਚਨ ਪ੍ਰਣਾਲੀ ਦਾ ਉਲੇਖ ਕਰੋ?

ਅ. ਨਾਂਵ ਤੋਂ ਪੜਨਾਂਵ ਬਣਾਉਣ ਬਾਰੇ ਲਿਖੋ? 10

*********

643(2116)200



www.a2zpapers.com
a2zpapers.com